## ਦਫਤਰ: ਡਾਇਰੈਕਟਰ ਜਨਰਲ ਪੁਲਿਸ,ਪੰਜਾਬ, ਚੰਡੀਗੜ੍ਹ

**ਸਟੈਂਡਿੰਗ ਆਰਡਰ ਨੰ: 1/2011**

**ਪਬਲਿਕ ਦੀਆਂ ਸ਼ਿਕਾਇਤਾਂ/ਦਰਖਾਸਤਾਂ ਦੇ ਨਿਪਟਾਰੇ ਅਤੇ ਸਬੰਧਤ ਰਿਕਾਰਡ ਦੇ ਰੱਖ-ਰਖਾਅ ਆਦਿ ਬਾਰੇ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ (SOP)**

1. ਨਿਮਨਹਸਤਾਖਰ ਵਲੋਂ ਪਹਿਲਾਂ ਜਾਰੀ ਕੀਤੇ ਗਏ ਹੁਕਮਾਂ ਦੀ ਲੜੀ ਵਿੱਚ ਇਸ ਸਟੈਂਡਿੰਗ ਆਰਡਰ ਦੇ ਤਹਿਤ ਪੰਜਾਬ ਰਾਜ ਵਿਚ ਤਾਇਨਾਤ ਸਮੂਹ ਐਸ.ਪੀ.(ਡੀ)/ਡੀ.ਸੀ.ਪੀ ਕਰਾਇਮ ਨੂੰ ਅੰਦਰੂਨੀ ਚੌਕਸੀ ਅਫਸਰ ਘੋਸ਼ਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਏ.ਡੀ.ਜੀ.ਪੀ/ਆਈ.ਵੀ.ਸੀ ਕੁਝ ਖਾਸ ਕੇਸਾਂ ਵਿਚ ਪੰਜਾਬ ਰਾਜ ਵਿਚ ਤਾਇਨਾਤ ਕਿਸੇ ਹੋਰ ਪੁਲਿਸ ਅਫਸਰ ਤੋਂ ਵੀ ਪੜਤਾਲ ਕਰਵਾ ਸਕਦੇ ਹਨ । ਜੋ ਵੀ ਦਰਖਾਸਤਾਂ ਇਨ੍ਹਾਂ ਅਫਸਰਾਂ/ਅਧਿਕਾਰੀਆਂ ਨੂੰ ਆਈ.ਵੀ.ਸੀ ਵਲੋਂ ਭੇਜੀਆਂ ਜਾਂਦੀਆਂ ਹਨ ਉਨ੍ਹਾਂ ਦੀ ਅਜਾਦਾਨਾ ਪੜਤਾਲ ਸਮੇਂ-ਸਿਰ ਮੁਕੰਮਲ ਕਰਕੇ ਏ.ਡੀ.ਜੀ.ਪੀ/ਆਈ.ਵੀ.ਸੀ-ਕਮ-ਐਚ.ਆਰ ਨੂੰ ਸਿੱਧੇ ਤੌਰ ਤੇ ਭੇਜਣ ਦੇ ਉਹ ਪਾਬੰਦ ਹੋਣਗੇ।

2. ਪੰਜਾਬ ਪੁਲਿਸ ਦਾ ਐਚ.ਆਰ ਸੈੱਲ ਜਿਲ੍ਹਾ ਪੁਲਿਸ ਅਤੇ ਪੀ.ਐਸ.ਐਚ.ਆਰ.ਸੀ ਅਤੇ ਐੱਨ.ਐਚ.ਆਰ.ਸੀ ਆਦਿ ਵਿਚਕਾਰ ਨੋਡਲ ਦਫਤਰ ਦਾ ਕੰਮ ਕਰਦਾ ਹੈ। ਇਸੇ ਤਰ੍ਹਾਂ ਆਈ.ਵੀ.ਸੀ ਵੀ ਪੁਲਿਸ ਵਿਭਾਗ ਵਿਚ ਕੁਰੱਪਸ਼ਨ ਅਤੇ ਕੁਰੀਤੀਆਂ ਦੇ ਖਿਲਾਫ ਨਿਗਰਾਨੀ ਰੱਖਦਾ ਹੈ। ਐਚ.ਆਰ ਸੈੱਲ ਅਤੇ ਆਈ.ਵੀ.ਸੀ ਵਲੋਂ ਨਾਮਜਦ ਕੀਤੇ ਪੜਤਾਲੀਆ ਅਫਸਰਾਂ ਨੂੰ ਪੜਤਾਲ ਸਬੰਧੀ ਜਿਲ੍ਹਾ ਦੌਰਾ ਆਦਿ ਕਰਦੇ ਸਮੇ ਜਿਲ੍ਹਾ/ਕਮਿਸ਼ਨੋਰੇਟ ਪੁਲਿਸ ਅਤੇ ਹੋਰ ਯੂਨਿਟਾਂ ਵਲੋਂ ਪੂਰਾ-ਪੂਰਾ ਸਹਿਯੋਗ ਦਿੱਤਾ ਜਾਵੇਗਾ।

3. ਪੰਜਾਬ ਰਾਜ ਵਿਚ ਤਾਇਨਾਤ ਸਮੂਹ ਐਸ.ਐਸ.ਪੀਜ਼/ਡੀ.ਸੀ.ਪੀਜ਼,ਡੀ.ਆਈ.ਜੀ /ਸੀ.ਪੀ/ਆਈ.ਜੀ.ਜੋਨ ਅਤੇ ਪੰਜਾਬ ਪੁਲਿਸ ਹੈਡਕੁਆਰਟਰ ਵਿਖੇ ਸਥਿਤ ਹਰ ਵਿੰਗ/ਯੂਨਿਟ ਦੇ ਮੁਖੀ ਆਪਣੇ-ਆਪਣੇ ਅਧਿਕਾਰ ਖੇਤਰ ਮੁਤਾਬਕ ਪਬਲਿਕ ਵਲੋਂ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਤੇ ਪੜਤਾਲਾਂ ਮਾਰਕ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਮੇ ਦੀ ਪਾਬੰਦੀ ਅਤੇ ਕਾਰ-ਸਰਕਾਰ ਸਬੰਧੀ ਆਪਣੀ-ਆਪਣੀ ਮਸਰੂਫੀਅਤ ਮੁਤਾਬਕ ਸਮਰੱਥ ਅਧਿਕਾਰੀ ਜੇ ਚਾਹੇ ਤਾਂ ਆਪਣੀ ਨਿਗਰਾਨੀ ਕਾਇਮ ਰੱਖਦੇ ਹੋਏ ਲਿਖਤੀ ਹੁਕਮਾਂ ਰਾਹੀਂ ਆਪਣਾ ਇਹ ਅਧਿਕਾਰ ਹੇਠਲੇ ਕਿਸੇ ਉੱਚ-ਅਧਿਕਾਰੀ ਨੂੰ ਅੱਗੇ ਡੈਲੀਗੇਟ ਕਰ ਸਕਦਾ ਹੈ।

4. ਕੋਈ ਵੀ ਸ਼ਿਕਾਇਤ/ਦਰਖਾਸਤ ਜੋ ਪੁਲਿਸ ਪਾਸ ਡਾਕ, ਈ-ਮੇਲ, ਟੈਲੀਗ੍ਰਾਮ, ਫੈਕਸ ਜਾਂ ਦਸਤੀ ਮੌਸੂਲ ਹੁੰਦੀ ਹੈ, ਉਸ ਨੂੰ ਜਾਬਤਾ ਅਨੁਸਾਰ ਮੌਸੂਲ ਕੀਤਾ ਜਾਵੇਗਾ ਅਤੇ ਸਬੰਧਤ ਰਜਿਸਟਰ ਵਿਚ ਡਾਇਰੀ ਕਰਕੇ ਦਰਖਾਸਤ ਨੰਬਰ ਲਗਾ ਕੇ ਉਸੇ ਸਮੇਂ ਉਸ ਸ਼ਿਕਾਇਤ ਨੂੰ ਨਾਲ ਨੱਥੀ ਪ੍ਰਫਾਰਮੇ ਮੁਤਾਬਕ ਤਿਆਰ ਕੀਤੇ ਇਕ ਕੰਪਿਊਟਰਾਇਜ ਡਿਜੀਟਲ ਡਾਟਾ-ਬੇਸ ਵਿੱਚ ਚੜ੍ਹਾਇਆ ਜਾਵੇਗਾ, ਜੋ ਪੰਜਾਬ ਪੁਲਿਸ ਦੀ ਵੈੱਬਸਾਇਟ ਰਾਹੀ ਆਮ ਜਾਣਕਾਰੀ ਲਈ ਰਾਜ ਪੱਧਰ ਤੇ ਲਿੰਕ-ਅੱਪ ਕਰਕੇ ਹਰ ਸਮੇਂ ਉਪਲਭਧ ਹੋਵੇਗਾ। ਐਸ.ਐਸ.ਪੀਜ/ ਡੀ.ਸੀ.ਪੀਜ/ਸੀ.ਪੀਜ/ਡੀ.ਆਈ.ਜੀ.ਰੇਂਜ/ਆਈ.ਜੀ.ਪੀ ਜੋਨ ਕੋਈ ਵੀ ਨਵੀਂ ਦਰਖਾਸਤ ਪੜਤਾਲ ਲਈ ਮਾਰਕ ਕਰਨ ਤੋਂ ਪਹਿਲਾਂ ਦਰਖਾਸਤ ਦਾ ਵੇਰਵਾ ਕੰਪਿਊਟਰ ਵਿਚ ਚੜ੍ਹਾ ਕੇ ਉਸ ਵਿਸ਼ਾ ਬਾਰੇ ਪਹਿਲਾਂ ਚੱਲ ਰਹੀ ਜਾਂ ਮੁਕੰਮਲ ਕੀਤੀ ਗਈ ਪੜਤਾਲ ਜੇਕਰ ਕੋਈ ਹੋਵੇ, ਬਾਰੇ ਤੁਰੰਤ ਰਿਪੋਰਟ ਹਾਸਲ ਕਰਨਗੇ ਤਾਂ ਜੋ ਇਕ ਦਰਖਾਸਤ ਤੇ ਬਿਨਾਂ ਵਜ੍ਹਾ ਬਾਰ-ਬਾਰ ਪੜਤਾਲਾਂ ਮਾਰਕ ਕਰਨ ਦੀ ਪ੍ਰਥਾ ਨੂੰ ਰੋਕਿਆ ਜਾ ਸਕੇ। ਪੜਤਾਲੀਆ ਅਫਸਰ ਵੀ ਪੜਤਾਲ ਅਰੰਭ ਕਰਨ ਤੋਂ ਪਹਿਲਾਂ ਦਰਖਾਸਤੀ ਤੋਂ ਲਿਖਤੀ ਰੂਪ ਵਿਚ ਸਮਸ਼ਟ ਕਰਨਗੇ ਕਿ ਉਹ ਦਰਖਾਸਤ ਦੀ ਪੜਤਾਲ ਕਿਤੇ ਹੋਰ ਵੀ ਚੱਲ ਰਹੀ ਹੈ ਜਾਂ ਨਹੀ।

5. ਸਮਰੱਥ ਅਧਿਕਾਰੀ ਦਰਖਾਸਤਾਂ ਮਾਰਕ ਕਰਦੇ ਸਮੇਂ ਇਸ ਗੱਲ ਨੂੰ ਧਿਆਨ ਵਿੱਚ ਰੱਖਣਗੇ ਕਿ ਦਰਖਾਸਤ ਕਰਤਾ ਨੇ ਹੇਠਲੇ ਸਮਰੱਥ ਅਧਿਕਾਰੀ ਪਾਸ ਦਰਖਾਸਤ ਪੇਸ਼ ਕੀਤੀ ਹੈ ਜਾਂ ਨਹੀ, ਤਾਂ ਜੋ ਜਿਥੋਂ ਤੱਕ ਹੋ ਸਕੇ ਦਰਖਾਸਤਾਂ ਦਾ ਨਿਪਟਾਰਾ ਕਰਦੇ ਸਮੇਂ ਯੋਗ ਪ੍ਰਣਾਲੀ ਨੂੰ ਕਾਇਮ ਰੱਖਿਆ ਜਾਵੇ। ਜੇਕਰ ਕਿਸੇ ਦਰਖਾਸਤ ਤੇ ਪੜਤਾਲ ਕਿਸੇ ਉੱਚ ਦਫਤਰ ਤੋਂ ਪਹਿਲਾਂ ਹੀ ਮਾਰਕਸ਼ੁਦਾ ਹੈ, ਤਾਂ ਉਸ ਉਪਰੰਤ ਅਜਿਹੀ ਦਰਖਾਸਤ ਕਿਸੇ ਹੇਠਲੇ ਦਫਤਰ ਤੋਂ ਪੜਤਾਲ ਹਿੱਤ ਮਾਰਕ ਨਹੀ ਕੀਤੀ ਜਾਵੇਗੀ।

6. ਸਰਕਾਰ ਅਤੇ ਸੈਂਟਰਲ ਵਿਜੀਲੈਂਸ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਿਕ ਗੁੰਮਨਾਮ ਅਤੇ ਬੇਨਾਮ ਦਰਖਾਸਤਾਂ ਪਰ ਕੋਈ ਕਾਰਵਾਈ ਕਰਨੀ ਨਹੀ ਬਣਦੀ। ਫਿਰ ਵੀ ਜੇਕਰ ਕਿਸੇ ਦਰਖਾਸਤ ਵਿਚ ਕੁਝ ਅਜਿਹੇ ਤੱਥ ਜਾਂ ਦਸਤਾਵੇਜੀ ਸਬੂਤ ਦਰਜ ਹੋਣ ਜੋ ਸਪਸ਼ਟ ਰੂਪ ਵਿਚ ਤਸਦੀਕ ਕਰਨ ਯੋਗ ਹਨ ਤਾਂ ਅਜਿਹੀਆਂ ਦਰਖਾਸਤਾਂ ਪਰ ਸਬੰਧਤ ਸਮਰੱਥ ਅਧਿਕਾਰੀ ਪਹਿਲਾਂ ਸਰਸਰੀ ਪੜਤਾਲ ਕਰਵਾਉਣ ਦਾ ਫੈਸਲਾ ਲੈ ਸਕਦੇ ਹਨ। ਜੇਕਰ ਸਰਸਰੀ ਪੜਤਾਲ ਵਿਚ ਕੋਈ ਤੱਥ ਪ੍ਰਤੱਖ ਤੌਰ ਤੇ ਤਸਦੀਕ ਹੁੰਦੇ ਹਨ ਤਾਂ ਉਸ ਸਬੰਧੀ ਲਿਖਤੀ ਰੂਪ ਵਿਚ ਟਿੱਪਣੀ ਦਿੰਦੇ ਹੋਏ ਸਰਸਰੀ ਪੜਤਾਲ ਤੇ ਅਧਾਰਿਤ ਰੈਗੂਲਰ ਪੜਤਾਲ ਵੀ ਅਰੰਭ ਕੀਤੀ ਜਾ ਸਕਦੀ ਹੈ।

7. ਹਰ ਨਵੀਂ ਦਰਖਾਸਤ ਦੀ ਪੜਤਾਲ ਮੁਕੰਮਲ ਕਰਨ ਲਈ ਆਮ ਤੌਰ ਤੇ 30 ਦਿਨ ਦਾ ਸਮਾਂ ਨਿਸਚਿਤ ਕੀਤਾ ਜਾਵੇਗਾ। ਜਦ ਕੋਈ ਦਰਖਾਸਤ ਨਿਮਨਹਸਤਾਖਰੀ ਵਲੋਂ ਜਾਂ ਆਈ.ਵੀ.ਸੀ/ ਐਚ.ਆਰ ਸੈੱਲ ਜਾਂ ਕਰਾਇਮ ਵਿੰਗ ਵਲੋਂ ਪੜਤਾਲ ਹਿੱਤ ਮਾਰਕ ਕੀਤੀ ਜਾਂਦੀ ਹੈ ਉਸ ਦੀ ਰਿਪੋਰਟ ਮਿੱਥੇ ਸਮੇਂ ਅੰਦਰ ਹਰ ਹਾਲਤ ਵਿਚ ਭੇਜੀ ਜਾਵੇਗੀ ਨਹੀ ਤਾਂ ਮਿੱਥੇ ਸਮੇਂ ਅੰਦਰ ਅੰਤ੍ਰਿਮ ਰਿਪੋਰਟ ਭੇਜ ਕੇ ਅਤੇ ਦੇਰੀ ਦੇ ਕਾਰਨ ਸਪਸ਼ਟ ਕਰਦੇ ਹੋਏ ਪੜਤਾਲ ਦਾ ਸਮਾਂ ਵਧਾਉਣ ਦੀ ਮੰਗ ਸਮੇਂ-ਸਿਰ ਕੀਤੀ ਜਾਵੇਗੀ।

8. ਪੜਤਾਲ ਅਤੇ ਤਫਤੀਸ਼ ਵੱਖ-ਵੱਖ ਕਿਸਮ ਦੀਆਂ ਕਾਰਵਾਈਆਂ ਹਨ। ਲਿਹਾਜਾ ਪੁਲਿਸ ਹੈਡਕੁਆਰਟਰ ਦੇ ਕਿਸੇ ਵਿੰਗ ਵਲੋਂ ਕਿਸੇ ਦਰਖਾਸਤ ਦੀ ਪੜਤਾਲ ਦੌਰਾਨ ਆਮ ਤੌਰ ਤੇ ਮਿਸਲ ਮੁਕੱਦਮਾ ਮੰਗਵਾਉਣ ਤੋਂ ਗੁਰੇਜ ਕੀਤਾ ਜਾਵੇਗਾ। ਫਿਰ ਵੀ ਜੇਕਰ ਪੜਤਾਲੀਆ ਅਫਸਰ ਨੂੰ ਕਿਸੇ ਕਾਰਨ ਕਰਕੇ ਮਿਸਲ ਮੁਕੱਦਮਾ ਵਾਚਨ ਜਾਂ ਘੋਖਣ ਦੀ ਜਰੂਰਤ ਹੋਵੇ ਤਾਂ ਤਫਤੀਸ਼ੀ ਅਫਸਰ ਖੁਦ ਮਿਸਲ ਮੁਕੱਦਮਾ ਸਮੇਤ ਜਾਂ ਕੋਈ ਹੋਰ ਕਰਮਚਾਰੀ ਜੋ ਤੱਥਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ ਪੜਤਾਲੀਆ ਅਫਸਰ ਪਾਸ ਹਰ ਹਾਲਤ ਪੇਸ਼ ਹੋਵੇਗਾ।

9. ਜਦ ਉਪਰੋਕਤ ਹਦਾਇਤਾਂ ਦੇ ਮੁਤਾਬਕ ਪੰਜਾਬ ਪੁਲਿਸ ਹੈਡਕੁਆਰਟਰ ਵਿਖੇ ਸਥਿਤ ਆਈ.ਵੀ.ਸੀ/ਐਚ.ਆਰ ਜਾਂ ਕਰਾਇਮ ਵਿੰਗ ਆਦਿ ਦੇ ਮੁਖੀ ਵਲੋਂ ਕਿਸੇ ਦਰਖਾਸਤ ਦੀ ਪੜਤਾਲ ਮਾਰਕ ਕੀਤੀ ਜਾਂਦੀ ਹੈ, ਉਸ ਦਰਖਾਸਤ ਤੇ ਜੇਕਰ ਕਿਸੇ ਹੇਠਲੇ ਦਫਤਰ ਵਲੋਂ ਮਾਰਕਸ਼ੁਦਾ ਪਹਿਲਾਂ ਹੀ ਪੜਤਾਲ ਚੱਲ ਰਹੀ ਹੋਵੇ, ਤਾਂ ਉਸ ਦੇ ਪੜਤਾਲੀਆ ਅਫਸਰ ਵਲੋਂ ਉੱਚ-ਦਫਤਰ/ਅਧਿਕਾਰੀ ਨੂੰ ਪੜਤਾਲ ਮੁਕੰਮਲ ਕਰਵਾਉਣ ਵਿਚ ਪੂਰਾ ਸਹਿਯੋਗ ਦਿੱਤਾ ਜਾਵੇਗਾ। ਵੇਖਣ ਵਿਚ ਆਇਆ ਹੈ ਕਿ ਦਰਜ ਮੁਕੱਦਮਾਤ ਸਬੰਧੀ ਉੱਚ ਦਫਤਰਾਂ ਵਿਚ ਚੱਲ ਰਹੀਆਂ ਪੜਤਾਲਾਂ ਨੂੰ ਬੇਅਸਰ ਕਰਨ ਦੀ ਨੀਯਤ ਨਾਲ ਕੁਝ ਤਫਤੀਸ਼ੀ ਅਫਸਰ ਮੁਕੱਦਮਾ ਦਾ ਚਲਾਨ ਜਲਦਬਾਜ਼ੀ ਨਾਲ ਜਾਣ-ਬੁੱਝ ਕੇ ਪੇਸ਼ ਅਦਾਲਤ ਕਰ ਦਿੰਦੇ ਹਨ ਤਾਂ ਜੋ ਕੀਤੀ ਗਈ ਪੜਤਾਲ ਮੁਤਾਬਕ ਕਾਰਵਾਈ ਨਾ ਹੋ ਸਕੇ। ਜਦ ਵੀ ਕਿਸੇ ਮੁਕੱਦਮੇ ਦੀ ਪੜਤਾਲ ਦੌਰਾਨ ਪੜਤਾਲੀਆ ਅਫਸਰ ਪਾਸ ਮੁਕੱਦਮਾ ਦਾ ਚਲਾਨ ਪੇਸ਼ ਅਦਾਲਤ ਨਾ ਕਰਨ ਦੇ ਠੋਸ ਕਾਰਨ ਉਪਲਭਧ ਹੁੰਦੇ ਹਨ, ਅਜਿਹੀ ਸੂਰਤ ਵਿਚ ਮੁਕਾਮੀ ਪੁਲਿਸ ਯਕੀਨੀ ਬਣਾਵੇਗੀ ਕਿ ਸਬੰਧਤ ਮੁਕੱਦਮਾ ਦਾ ਚਲਾਨ ਕਿਸੇ ਬਦਨੀਤੀ ਕਾਰਨ ਪੇਸ਼ ਅਦਾਲਤ ਨਾ ਕੀਤਾ ਜਾਵੇ। ਇਸ ਤੋਂ ਇਲਾਵਾ ਮੁਕੱਦਮਾਤ ਦੇ ਦੋਸ਼ੀ ਵੀ ਕਾਰਵਾਈ ਤੋਂ ਬਚਨ ਲਈ ਵੱਖ-ਵੱਖ ਉੱਚ ਦਫਤਰਾਂ ਤੋਂ ਪੜਤਾਲਾਂ ਮਾਰਕ ਕਰਵਾ ਕੇ ਕਾਰਵਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੀਆਂ ਪ੍ਰਸਥਿਤੀਆਂ ਬਾਰੇ ਸਬੰਧਤ ਐਸ.ਐਸ.ਪੀਜ਼/ ਡੀ.ਸੀ.ਪੀ ਖਾਸ ਧਿਆਨ ਰੱਖਣਗੇ ਅਤੇ ਉਹਨਾਂ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਉਚੇਚੇ ਤੌਰ ਤੇ ਸਬੰਧਤ ਵਿੰਗ ਦੇ ਮੁਖੀ ਨਾਲ ਸੰਪਰਕ ਕਰਨ ਤਾਂ ਜੋ ਕਨੂੰਨ ਦਾ ਪੱਖ ਹਰ ਹਾਲਤ ਵਿਚ ਪੂਰਿਆ ਜਾ ਸਕੇ। ਲੋੜ ਮੁਤਾਬਕ ਐਸ.ਐਸ.ਪੀ/ਡੀ.ਸੀ.ਪੀ ਨਿਮਨਹਸਤਾਖਰੀ ਨਾਲ ਜਾਂ ਸਬੰਧਤ ਵਿੰਗ ਦੇ ਮੁਖੀ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

10. ਕਿਸੇ ਵੀ ਦਰਖਾਸਤ ਦੇ ਪੜਤਾਲੀਆ ਅਫਸਰ ਨੂੰ ਪੜਤਾਲ ਦੌਰਾਨ ਬਿਨਾਂ ਕਿਸੇ ਠੋਸ ਲਿਖਤੀ ਕਾਰਨ ਦੇ ਬਦਲਿਆ ਨਹੀ ਜਾਵੇਗਾ ਅਤੇ ਅਗਲੇ ਹੁਕਮ ਜਾਰੀ ਕਰਨ ਤੋਂ ਪਹਿਲਾਂ ਪੜਤਾਲੀਆ ਅਫਸਰ ਨੂੰ ਪੜਤਾਲ ਮੁਕੰਮਲ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਪੜਤਾਲ ਦੇ ਚਲਦੇ ਦਰਖਾਸਤ ਦਹਿੰਦਾ ਦੀ ਮਰਜੀ ਮੁਤਾਬਕ ਵੀ ਪੜਤਾਲੀਆ ਅਫਸਰ ਨੂੰ ਆਮ ਤੌਰ ਤੇ ਬਦਲਿਆ ਨਹੀ ਜਾਵੇਗਾ।

11. ਪੜਤਾਲ ਦੇ ਚਲਦੇ ਮਾਨਯੋਗ ਅਦਾਲਤਾਂ ਜਾਂ ਕਮਿਸ਼ਨਾਂ ਵਲੋਂ ਜੇਕਰ ਕੋਈ ਹੁਕਮ ਜਾਰੀ ਹੁੰਦੇ ਹਨ ਅਜਿਹੇ ਹੁਕਮਾਂ ਦੀ ਪਾਲਣਾ ਨੂੰ ਪੜਤਾਲੀਆ ਅਫਸਰ ਵਲੋਂ ਪਰਮ-ਅਗੇਤ ਦਿੱਤੀ ਜਾਵੇਗੀ।

12. ਜਦੋ ਕਿਸੇ ਦਰਖਾਸਤ ਦੀ ਪੜਤਾਲ ਆਈ.ਵੀ.ਸੀ/ਐਚ.ਆਰ ਜਾਂ ਕਰਾਇਮ ਵਿੰਗ ਤੋਂ ਮੁਕੰਮਲ ਕਰਕੇ ਕਾਰਵਾਈ ਹਿੱਤ ਸਬੰਧਤ ਜਿਲ੍ਹਾ ਕਮਿਸ਼ਨੋਰੇਟ ਨੂੰ ਭੇਜੀ ਜਾਂਦੀ ਹੈ ਤਾਂ ਉਸਦੀ ਤੁਰੰਤ ਪਾਲਣਾ ਕੀਤੀ ਜਾਵੇਗੀ ਅਤੇ ਉਸ ਵਿਸ਼ਾ ਪਰ ਦੁਬਾਰਾ ਪੜਤਾਲ ਕਰਵਾਉਣਾ ਸਬੰਧਤ ਜਿਲ੍ਹਾ ਮੁਖੀ/ਕਮਿਸ਼ਨੋਰੇਟ ਦੇ ਅਧਿਕਾਰ ਖੇਤਰ ਵਿਚ ਨਹੀ ਹੋਵੇਗਾ। ਫਿਰ ਵੀ ਜੇਕਰ ਕੋਈ ਤਾਜਾ ਸਬੂਤ ਜਾਂ ਤੱਥ ਸਾਹਮਣੇ ਆਉਂਦਾ ਹੈ ਜਿਸ ਤੋਂ ਮਾਮਲੇ ਦੇ ਅਸਲ ਹਾਲਾਤ ਸਾਹਮਣੇ ਲਿਆਉਣ ਲਈ ਦੁਬਾਰਾ ਪੜਤਾਲ ਕਰਵਾਉਣੀ ਬਣਦੀ ਹੋਵੇ ਤਾਂ ਸਬੰਧਤ ਜਿਲ੍ਹਾ/ਕਮਿਸ਼ਨੋਰੇਟ ਮੁਖੀ ਪਹਿਲਾਂ ਕੀਤੀ ਪੜਤਾਲ ਪਰ ਪੁਨਰਵਿਚਾਰ ਕਰਨ ਲਈ, ਸਬੰਧਤ ਵਿੰਗ ਦੇ ਮੁਖੀ ਜਾਂ ਨਿਮਨਹਸਤਾਖਰ ਨੂੰ ਪ੍ਰਤੀਬੇਨਤੀ ਕਰ ਸਕਦੇ ਹਨ।

13. ਜਿਹੜੇ ਕਨੂੰਨ ਸਮਾਜ ਦੇ ਪਿਛੜੇ ਅਤੇ ਕਮਜੋਰ ਵਰਗਾਂ ਦੀ ਸੁਰੱਖਿਆ ਹਿੱਤ ਬਣਾਏ ਗਏ ਹਨ ਜਿਵੇਂ ਕਿ-"ਪ੍ਰੀਵੈਨਸ਼ਨ ਆੱਫ ਐਟਰੋਸੀਟੀਜ਼ ਆੱਨ ਸ਼ਿਡਊਅਲ ਕਾਸਟਸ/ਟਰਾਈਬਜ਼ ਐਕਟ-1989, ਦੀ ਪ੍ਰਾਟੈਕਸ਼ਨ ਆੱਫ ਵੂਮੈਨ ਫਰਾਮ ਡੋਮੈਸਟਿਕ ਵਾਇਲੈਂਸ ਐਕਟ-2005 ਅਤੇ ਡਾਓਰੀ ਐਕਟ" ਆਦਿ- ਅਜਿਹੇ ਕਾਨੂੰਨਾਂ ਦੀ ਦੁਰਵਰਤੋਂ ਜਾਂ ਗਲਤ ਵਰਤੋਂ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨੀ ਅਤੀ ਲੋੜੀਂਦੀ ਹੈ ਤਾਂ ਜੋ ਇਹਨਾਂ ਕਾਨੂੰਨਾਂ ਦਾ ਲਾਭ ਕੇਵਲ ਸਹੀ ਪੀੜਤਾਂ ਨੂੰ ਹੀ ਪ੍ਰਾਪਤ ਹੋ ਸਕੇ। ਅਜਿਹੇ ਵਿਅਕਤੀ ਜੋ ਝੂਠੀਆਂ ਦਰਖਾਸਤਾਂ ਦੇਣ ਦੇ ਆਦੀ ਹਨ ਖਿਲਾਫ ਮੁਨਾਸਿਬ ਕਾਨੂੰਨੀ ਕਾਰਵਾਈ ਬਿਨਾਂ ਝਿਜਕ ਅਮਲ ਵਿਚ ਲਿਆਂਦੀ ਜਾਵੇਗੀ। ਵੇਖਣ ਵਿਚ ਆਇਆ ਹੈ ਕਿ ਝੂਠੀਆਂ ਦਰਖਾਸਤਾਂ ਕੇਵਲ ਦਾਖਲ ਦਫਤਰ ਕਰ ਦਿੱਤੀਆਂ ਜਾਂਦੀਆਂ ਹਨ ਕਿਉਕਿ ਸਬੰਧਤ ਅਫਸਰ ਅਜਿਹੇ ਸ਼ਰਾਰਤੀ ਅਤੇ ਸ਼ਿਕਾਇਤੀ ਅਨਸਰਾਂ ਨਾਲ ਉਲਝਣ ਤੋਂ ਅਤੇ ਅਦਾਲਤਾਂ ਵਿਚ ਪੇਸ਼ ਹੋਣ ਜਾਂ ਸ਼ਹਾਦਤ ਦੇਣ ਤੋਂ ਟਲਦੇ ਹਨ। ਇਸ ਸਬੰਧੀ ਜਿਲ੍ਹਾ/ਕਮਿਸ਼ਨੋਰੇਟ ਪੁਲਿਸ ਵਲੋਂ ਕੀਤੀ ਗਈ ਕਾਰਵਾਈ ਤਿਮਾਹੀ ਰਿਟਰਨ ਰਾਹੀਂ ਵੱਖਰੇ ਤੌਰ ਤੇ ਸੀ.ਪੀ.ਓ ਨੂੰ ਭੇਜੀ ਜਾਵੇਗੀ। ਇਸ ਤੋਂ ਇਲਾਵਾ ਪੰਜਾਬ ਰਾਜ ਵਿਚ ਤਾਇਨਾਤ ਸਮੂਹ ਇਲਾਕਾ ਨਿਗਰਾਨ ਅਫਸਰ ਇਸ ਗੱਲ ਦਾ ਵੀ ਖਾਸ ਧਿਆਨ ਰੱਖਣਗੇ ਕਿ

ਉਨਾਂ ਦੇ ਅਧੀਨ ਪੁਲਿਸ ਅਫਸਰਾਂ ਨੂੰ ਸੀ.ਆਰ.ਪੀ.ਸੀ ਅਤੇ ਹੋਰ ਕਾਨੂੰਨਾ ਰਾਹੀ ਜੋ ਅਧਿਕਾਰ ਹਾਸਲ ਹਨ, ਉਹਨਾਂ ਦੀ ਵਰਤੋਂ ਨਿਰਪੱਖ ਅਤੇ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ ਅਤੇ ਅਜਿਹੇ ਕਾਨੂੰਨਾਂ ਦੀ ਗਲਤ ਵਰਤੋਂ/ਦੁਰਵਰਤੋਂ ਕਰਨ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

14. ਫੀਲਡ ਵਿਚ ਤਾਇਨਾਤ ਸਮੂਹ ਨਿਗਰਾਨ ਅਫਸਰ ਪਬਲਿਕ ਸ਼ਿਕਾਇਤਾਂ ਦੀ ਸੁਣਵਾਈ ਅਤੇ ਨਿਪਟਾਰੇ ਲਈ ਰੋਜਾਨਾ ਘੱਟ ਤੋਂ ਘੱਟ ਦੋ ਘੰਟੇ ਦਾ ਸਮਾਂ ਨਿਸਚਿਤ ਕਰਨਗੇ। ਜਿਸ ਦੀ ਸੂਚਨਾ ਆਮ ਜਾਣਕਾਰੀ ਲਈ ਦਫਤਰ ਦੇ ਬਾਹਰ ਨੋਟਿਸ ਬੋਰਡ ਰਾਹੀ ਉਪੁਲਭਧ ਕਰਵਾਈ ਜਾਵੇਗੀ। ਜਿਸ ਵਿਚ ਸਮਰੱਥ ਅਧਿਕਾਰੀ ਦਾ ਨਾਮ, ਫੋਨ ਨੰਬਰ ਅਤੇ ਉਸ ਦੀ ਗੈਰ ਮੌਜੂਦਗੀ ਵਿਚ ਨਿਯੁਕਤ ਕੀਤੇ ਸਮਰੱਥ ਅਧਿਕਾਰੀ ਦਾ ਨਾਮ ਅਤੇ ਫੋਨ ਨੰਬਰ ਆਦਿ ਦਰਸਾਇਆ ਜਾਵੇਗਾ।

ਸਹੀ/-

(**ਪਰਮਦੀਪ ਸਿੰਘ ਗਿੱਲ**),

ਮਿਤੀ, ਚੰਡੀਗੜ੍ਹ :- 24-01-2011

ਡਾਇਰੈਕਟਰ ਜਨਰਲ ਪੁਲਿਸ, ਪੰਜਾਬ ।